ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਬਲਾਕ-ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ., ਫੇਜ਼-8 ਐਸ.ਏ.ਐਸ.ਨਗਰ, ਮੁਹਾਲੀ

ਫੋਨ ਨੰਬਰ: 0172-2212221

ਵੱਲ

(ਨੋਟਿਸ ਬੋਰਡ ਅਤੇ ਵੈਬਸਾਈਟ ਰਾਹੀਂ)

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.),
ਸਮੂਹ ਨੋਡਲ ਅਫਸਰ (NMMSS),
ਸਮੂਹ ਸਕੂਲ ਮੁੱਖੀ,
ਪੰਜਾਬ।

ਮੀਮੋ ਨੰ: SCERT-EXAM04/3/2020-SDP/SCERT/04
ਮਿਤੀ: ਐਸ.ਏ.ਐਸ.ਨਗਰ, 24.08.2020

ਵਿਸ਼ਾ:- **ਸਾਲ 2016 ਤੱਕ NMMSS ਪ੍ਰੀਖਿਆ ਪਾਸ ਕਰਨ ਵਾਲੇ ਵਿਦਿਆਰਥੀਆਂ ਦੇ OFFLINE ਪ੍ਰਪੋਜ਼ਲ ਭੇਜਣ ਸਬੰਧੀ।**

ਹਵਾਲਾ:- **MHRD Department of School Education and Literacy Secondary Scholarship Section ਦੇ ਪੱਤਰ ਨੰ F.NO 15-1/2017-SS Dated 21-8-2020 ਦੇ ਸਬੰਧ ਵਿੱਚ।**

1.0 ਉਪਰੋਕਤ ਦੇ ਸਨਮੁੱਖ ਸੂਚਿਤ ਕੀਤਾ ਜਾਂਦਾ ਹੈ ਕਿ NMMSS ਪ੍ਰੀਖਿਆ (ਸ੍ਰੇਣੀ 8ਵੀਂ) ਸਾਲ 2016 ਤੱਕ ਜਿਹੜੇ ਵਿਦਿਆਰਥੀਆਂ ਨੇ NMMSS ਪ੍ਰੀਖਿਆ ਪਾਸ ਕੀਤੀ ਹੋਈ ਹੈ, ਪ੍ਰੰਤੂ ਕਿਸੇ ਕਾਰਨ online/offline ਅਪਲਾਈ ਨਹੀਂ ਕਰ ਸਕੇ ਅਤੇ NMMSS scholarship ਪ੍ਰਾਪਤ ਨਹੀਂ ਕਰ ਸਕੇ, ਅਜਿਹੇ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਲਈ offline ਅਪਲਾਈ ਕਰਨ ਦਾ ਇੱਕ ਹੋਰ ਮੌਕਾ ਦਿੱਤਾ ਜਾਂਦਾ ਹੈ। ਸਕਾਲਰਸ਼ਿਪ ਲਈ offline ਅਪਲਾਈ ਕਰਦੇ ਸਮੇਂ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਇਨ੍ਹਾਂ ਵਿਦਿਆਰਥੀਆਂ ਨੇ ਪਹਿਲਾਂ ਆਨਲਾਈਨ ਅਪਲਾਈ ਨਾ ਕੀਤਾ ਹੋਵੇ ਅਤੇ ਨਾ ਹੀ ਪਿਛਲੇ ਸਾਲਾਂ ਦੌਰਾਨ NMMSS ਸਕੀਮ ਅਧੀਨ ਕੋਈ ਵਜ਼ੀਫਾ ਪ੍ਰਾਪਤ ਕੀਤਾ ਹੋਵੇ। ਹੇਠ ਦਰਸਾਏ ਵਿਦਿਆਰਥੀ offline ਅਪਲਾਈ ਕਰਨ ਲਈ ਯੋਗ ਹੋਣਗੇ:-

I. ਅਜਿਹੇ ਵਿਦਿਆਰਥੀ ਜਿਹੜੇ ਸਾਲ 2017-18 ਦੌਰਾਨ ਨੌਵੀਂ, ਦਸਵੀਂ, ਗਿਆਰਵੀ ਅਤੇ ਬਾਰਵੀਂ ਕਲਾਸ ਵਿੱਚ ਪੜਦੇ ਸਨ ਅਤੇ ਜਿਨਾਂ ਨੇ NMMSS ਪ੍ਰੀਖਿਆ (ਕ੍ਰਮਵਾਰ ਨਵੰਬਰ 2016, ਨਵੰਬਰ 2015, ਨਵੰਬਰ 2014, ਨਵੰਬਰ 2013) ਦੀ ਮੈਰਿਟ ਵਿੱਚ ਸਥਾਨ ਪ੍ਰਾਪਤ ਕੀਤਾ ਹੋਵੇ।

II. ਅਜਿਹੇ ਵਿਦਿਆਰਥੀ ਜਿਹੜੇ ਸਾਲ 2018-19 ਦੌਰਾਨ ਦਸਵੀਂ, ਗਿਆਰਵੀ ਅਤੇ ਬਾਰਵੀਂ ਕਲਾਸ ਵਿੱਚ ਪੜਦੇ ਸਨ ਅਤੇ ਜਿਨਾਂ ਨੇ NMMSS ਪ੍ਰੀਖਿਆ (ਕ੍ਰਮਵਾਰ ਨਵੰਬਰ 2016, ਨਵੰਬਰ 2015, ਨਵੰਬਰ 2014) ਦੀ ਮੈਰਿਟ ਵਿੱਚ ਸਥਾਨ ਪ੍ਰਾਪਤ ਕੀਤਾ ਹੋਵੇ।

24/8/20

Scanned by CamScanner

III. ਅਜਿਹੇ ਵਿਦਿਆਰਥੀ ਜਿਹੜੇ ਸਾਲ 2019-20 ਦੌਰਾਨ ਗਿਆਰਵੀ ਅਤੇ ਬਾਰਵੀਂ ਕਲਾਸ ਵਿੱਚ ਪੜਦੇ ਸਨ ਅਤੇ ਜਿਨਾਂ ਨੇ NMMSS ਪ੍ਰੀਖਿਆ (ਕ੍ਰਮਵਾਰ ਨਵੰਬਰ 2016 ਅਤੇ ਨਵੰਬਰ 2015) ਦੀ ਮੈਰਿਟ ਵਿੱਚ ਸਥਾਨ ਪ੍ਰਾਪਤ ਕੀਤਾ ਹੋਵੇ।

IV. ਅਜਿਹੇ ਵਿਦਿਆਰਥੀ ਜਿਹੜੇ ਸਾਲ 2020-21 ਦੌਰਾਨ ਗਿਆਰਵੀ ਅਤੇ ਬਾਰਵੀਂ ਕਲਾਸ ਵਿੱਚ ਪੜਦੇ ਹਨ ਅਤੇ ਜਿਨਾਂ ਨੇ NMMSS ਪ੍ਰੀਖਿਆ (ਕ੍ਰਮਵਾਰ ਨਵੰਬਰ 2016) ਦੀ ਮੈਰਿਟ ਵਿੱਚ ਸਥਾਨ ਪ੍ਰਾਪਤ ਕੀਤਾ ਹੋਵੇ।

2.0 ਅਜਿਹੇ ਵਿਦਿਆਰਥੀ ਜਿਹੜੇ ਕਿਸੇ ਕਾਰਨ ਸਾਲ 2017-18 ਦੌਰਾਨ National Scholarship Portal (NSP) ਤੇ ਵਜੀਫੇ ਲਈ ਅਪਲਾਈ ਨਹੀਂ ਕਰ ਸਕੇ, ਉਨ੍ਹਾਂ ਨੂੰ ਆਫਲਾਈਨ ਅਪਲਾਈ ਕਰਨ ਦਾ ਮੌਕਾ ਦਿੱਤਾ ਗਿਆ ਹੈ।

3.0 ਜਿਹੜੇ ਵਿਦਿਆਰਥੀ ਸਾਲ 2017-18 ਵਿੱਚ ਨੌਵੀਂ ਕਲਾਸ ਵਿੱਚ ਸਨ, ਉਹ ਸਾਲ 2020-21 ਵਿੱਚ ਬਾਰਵੀਂ ਕਲਾਸ ਵਿੱਚ ਹੋ ਗਏ ਹਨ। ਇਸ ਕਾਰਨ ਸਾਲ 2020-21 ਤੋਂ ਬਾਅਦ NMMSS ਵਜੀਫੇ ਲਈ ਕੋਈ ਵੀ ਆਫਲਾਈਨ ਅਰਜ਼ੀ ਨਹੀਂ ਮੰਨੀ ਜਾਵੇਗੀ। ਇਸ ਲਈ NMMSS ਵਜੀਫੇ ਅਧੀਨ ਸਾਲ 2020-21 ਆਫਲਾਈਨ ਅਪਲਾਈ ਕਰਨ ਲਈ ਆਖਰੀ ਸਾਲ ਹੋਵੇਗਾ।

4.0 ਲੜੀ ਨੰ 1 ਵਿੱਚ ਦਰਸਾਏ ਵਿਦਿਆਰਥੀਆਂ ਦਾ ਡਾਟਾ ਨਾਲ ਨੱਥੀ 26 ਕਾਲਮ ਵਾਲੇ ਪ੍ਰੋਫਾਰਮੇ ਵਿੱਚ ਸਾਲ ਵਾਈਜ਼ ਭਰ ਕੇ ਆਪਣੇ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈਸਿੱ)/ਜਿਲ੍ਹਾ ਨੋਡਲ ਅਫਸਰ (NMMSS) ਨੂੰ ਭੇਜਿਆ ਜਾਵੇ। ਜਿਲ੍ਹਾ ਸਿੱਖਿਆ ਅਫਸਰ (ਸੈਸਿੱ)/ਜਿਲ੍ਹਾ ਨੋਡਲ ਅਫਸਰ (NMMSS) ਦੁਆਰਾ ਪੂਰੇ ਜ਼ਿਲ੍ਹੇ ਦਾ ਡਾਟਾ excel sheet ਵਿੱਚ compile ਕਰਕੇ soft copy ਮਿਤੀ 31-08-2020 ਤੱਕ ਦਫਤਰ ਐਸ.ਸੀ.ਈ.ਆਰ.ਟੀ. ਨੂੰ ਭੇਜਿਆ ਜਾਵੇ।

5.0 ਸਕੂਲਾਂ ਵੱਲੋ ਸਿੱਧਾ ਮੁੱਖ ਦਫਤਰ ਨੂੰ ਭੇਜਿਆ ਗਿਆ ਡਾਟਾ ਵਿਚਾਰਿਆ ਨਹੀਂ ਜਾਵੇਗਾ।

6.0 ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈਸਿੱ)/ਸਮੂਹ ਨੋਡਲ ਅਫਸਰ (NMMSS) ਇਸ ਸਬੰਧੀ ਸਰਟੀਫਿਕੇਟ ਦੇਣਗੇ ਕਿ ਇਨ੍ਹਾਂ ਵਿਦਿਆਰਥੀਆਂ ਤੋਂ ਇਲਾਵਾ ਹੋਰ ਕੋਈ ਵਿਦਿਆਰਥੀ NMMSS ਵਜੀਫੇ ਤੋਂ ਵਾਂਝਾ ਨਹੀਂ ਰਿਹਾ। ਸਬੰਧਤ ਜ਼ਿਲ੍ਹੇ ਦੇ ਆਫਲਾਈਨ ਅਪਲਾਈ ਕਰਨ ਵਾਲੇ ਵਿਦਿਆਰਥੀਆਂ ਦਾ ਡਾਟਾ ਸਮੇਤ ਸਰਟੀਫਿਕੇਟ ਮਿਤੀ 31-8-2020 ਤੱਕ ਹਰ ਹਾਲਤ ਵਿੱਚ ਮੁੱਖ ਦਫਤਰ ਨੂੰ ਭੇਜਿਆ ਜਾਵੇ। ਮਿਤੀ 31-8-2020 ਤੋਂ ਬਾਅਦ ਪ੍ਰਾਪਤ ਡਾਟਾ ਵਿਚਾਰਿਆ ਨਹੀਂ ਜਾਵੇਗਾ।

ਜ.ਫ
24/8/20

ਡਾਇਰੈਕਟਰ
ਐਸ.ਸੀ.ਈ.ਆਰ.ਟੀ., ਪੰਜਾਬ

Scanned by CamScanner